## PUNJABI (COMPULSORY)–A

(Semester–IV)

Time : Three Hours

Maximum Marks : 75

ਭਾਗ - A

I. ਕਿਸੇ ਇਕ ਕਵਿਤਾ ਦਾ ਵਿਸ਼ਾ-ਵਸਤੂ ਵਿਚਾਰੋ ਜਾਂ ਸਾਰ ਲਿਖੋ :

(a) ਸੁਨੇਹੜੇ (b) ਲੋਕਾਂ ਨਾਲ ਗੱਲ (c) ਖਤਾਂ ਦੀ ਉਡੀਕ। 12

II. ਕਿਸੇ ਦੋ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

(a) ਅਟਕਣਾ ਨ ਕੰਮ ਮੇਰਾ
ਅਟਕਿਆ ਸੋ ਮਾਰਿਆ ਹੈ,
ਅਟਕ ਨਾਮ ਮੌਤ ਦਾ ਹੈ,
ਕੋਈ ਅਟਕਦਾ ਨਹੀਂ।

www.questionpaperesult.com

Scanned by CamScanner

(b) ਖੇਤ ਤੇਰੇ ਹੋਣ ਵਾਲੇ ਨੇ ਅਧੀਨ
ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ
ਜਾਗ ਜੀਵਨ ਦੀ ਕਲਾ ਦੇ ਇੰਤਕਾਮ

(c) ਇਕ ਬੂਟਾ ਅੰਬੀ ਦਾ, ਘਰ ਸਾਡੇ ਲਗਾ ਨੀ।
ਜਿਸ ਥੱਲੇ ਬਹਿਣਾ ਨੀ, ਸੁਰਗਾਂ ਵਿਚ ਰਹਿਣਾ ਨੀ,
ਕੀ ਉਸ ਦਾ ਕਹਿਣਾ ਨੀ, ਵਿਹੜੇ ਦਾ ਗਹਿਣਾ ਨੀ

(d) ਲਗੀ ਲੋਅ ਤੇ ਪਹਿਲੜਾ ਪਹਿਰ ਲਗਾ,
ਫੇਰ ਦੂਸਰੇ ਪਹਿਰ ਨੇ ਸੱਦ ਲਾਈ
ਇਕ ਤੇਰੇ ਵਿਯੋਗ ਦਾ ਸੇਕ ਡਾਢਾ
ਦੂਜਾ ਉਮਰ ਦੀ ਸਿਖਰ ਦੁਪਹਿਰ ਆਈ। 6+6=12

## ਭਾਗ - B

III. ਆਪਣੇ ਕਾਲਜ ਵਿਚ ਹੋਏ ਸੰਗੀਤ ਪ੍ਰੋਗਰਾਮ ਦੀ ਰਿਪੋਰਟ ਲਿਖੋ। ਜਾਂ
ਤੁਸੀਂ ਇਕ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਹੈ। ਇਸ ਪ੍ਰੋਗਰਾਮ ਦੀ ਰਿਪੋਰਟ ਲਿਖੋ। ਜਾਂ
ਆਪਣੇ ਕਾਲਜ ਦੀ ਲਾਇਬਰੇਰੀ ਬਾਰੇ ਇਕ ਰਿਪੋਰਟ ਲਿਖੋ। 9

IV. ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ ਉਲੀਕੋ। ਜਾਂ
ਪੰਜਾਬੀ ਸ਼ਬਦ ਜੋੜਾਂ ਦੇ ਨਿਯਮ ਵਿਚਾਰੋ। 12

## ਭਾਗ - C

V. ਸੰਖੇਪ ਉੱਤਰ ਲਿਖੋ :

(1) ਯੂਸਫ ਅਤੇ ਸੁਲੇਮਾਨ ਕੌਣ ਸਨ ?
(2) ਕਵਿਤਰੀ ਨੇ ਕਿਸ ਨੂੰ ਸੁਨੇਹੜੇ ਲਿਖੇ ਹਨ ?
(3) 'ਅੰਬੀ ਦੇ ਬੂਟੇ ਥੱਲੇ' ਕਵਿਤਾ ਦਾ ਵਿਸ਼ਾ ਦਰਜ ਕਰੋ।
(4) ਰਾਤ ਬਰਾਤੇ ਕਿਸ ਦੇ ਖ਼ਤ ਦੀ ਉਡੀਕ ਹੈ ?
(5) ਅਜੋਕੇ ਸਮੇਂ ਦੀ ਦੋਸਤੀ ਦੇ ਸਰੂਪ 'ਤੇ ਟਿੱਪਣੀ ਕਰੋ।
(6) 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਤੋਂ ਕੀ ਭਾਵ ਹੈ ?
(7) 'ਅਜ ਕੀਹ ਪਕਾਈਏ' ਕਵਿਤਾ ਦਾ ਕੇਂਦਰੀ ਭਾਵ ਕੀ ਹੈ ?
(8) ਕਵੀ ਲੋਕਾਂ ਨਾਲ ਕੀ ਗੱਲ ਕਰਨੀ ਚਾਹੁੰਦੀ ਹੈ ?
(9) ਕਵੀ ਨੌਜਵਾਨਾਂ ਨੂੰ ਆਪਣਾ ਮੁਲ ਪਾਉਣ ਲਈ ਕਿਉਂ ਕਹਿੰਦਾ ਹੈ ?
(10) ਤੁਹਾਨੂੰ ਕਿਹੜੀ ਕਵਿਤਾ ਚੰਗੀ ਲਗੀ ਹੈ ? ਇਕ ਕਾਰਨ ਲਿਖੋ।
(11) ਭਾਸ਼ਾ ਵਿਚ ਵਿਆਕਰਣ ਦਾ ਕੀ ਮਹੱਤਵ ਹੁੰਦਾ ਹੈ ?
(12) ਭਾਸ਼ਾ ਅਤੇ ਲਿਪੀ ਵਿਚਲਾ ਅੰਤਰ ਦੱਸੋ।
(13) ਪੰਜਾਬੀ ਲਈ ਗੁਰਮੁਖੀ ਕਿਉਂ ਢੁੱਕਵੀਂ ਲਿਪੀ ਹੈ ?
(14) ਗੁਰਮੁਖੀ ਲਿਪੀ ਦੀ ਵਿਸ਼ੇਸ਼ਤਾ ਦਰਜ ਕਰੋ।
(15) ਪੰਜਾਬੀ ਸ਼ਬਦ ਜੋੜਾਂ ਦਾ ਕੋਈ ਇਕ ਨੇਮ ਦਰਜ ਕਰੋ। 15×2=30

www.questionpaperesult.com

Scanned by CamScanner